ਸਲੀਬ ਦੀ ਕਥਾ ਤਾਂ ਉਨ੍ਹਾਂ ਦੇ ਭਾਣੇ ਜਹਿੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ
ਜਹਿੜੇ ਬਚਾਏ ਜਾਂਦੇ ਹਾਂ ਉਹ ਪਰਮੇਸ਼ੁਰ ਦੀ ਸ਼ਕਤੀ ਹੈ' (1 ਕੁਰਿੰਥੀਆਂ 1:18)।

## ਜੇਕਰ ਅੱਜ ਤੁਹਾਡੀ ਮੌਤ ਹੋ ਜਾਵੇ ਤਾਂ

# ਤੁਸੀਂ ਆਪਣੀ ਸਦੀਪਕਤਾ ਕਿਥੇ ਬਤਿਾਓਗੇ – ਸਵਰਗ ਵਿਚ ਜਾਂ ਨਰਕ ਵਿਚ?

(ਕਰਿਪਾ ਕਰਕੇ ਕੁਝ ਸਮਾਂ ਕੱਢ ਕੇ ਇਸ ਸੰਦੇਸ਼ ਨੂੰ ਪੜ੍ਹੋ। ਪਰਮੇਸ਼ਰ ਚਾਹੁੰਦਾ ਹੈ ਕਿ ਤੁਸੀ ਉਸ ਦੇ ਨਾਲ ਸਵਰਗ ਵਿਚ ਰਹੋ।)

ਕਈ ਲੋਕ ਸੋਚਦੇ ਹਨ ਕਿ ਸਵਰਗ ਅਤੇ ਨਰਕ ਹੈ ਹੀ ਨਹੀਂ। ਪਰ ਪਵਿੱਤਰ ਬਾਈਬਲ — ਪਰਮੇਸ਼ਰ ਦੀ ਇਕਮਾਤਰ ਬਾਣੀ — ਸਾਫ਼-ਸਾਫ਼ ਦੱਸਦੀ ਹੈ ਕਿ ਇਹ ਦੋਵੇਂ ਥਾਵਾਂ ਅਸਲੀ ਹਨ: *"ਤਦ ਪਾਤਸ਼ਾਹ ਉਨ੍ਹਾਂ ਨੂੰ ਜਹਿੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, ਹੇ ਮੇਰੇ ਪਤਿਾ ਦੇ ਮੁਬਾਰਕ ਲੋਕੋ ਆਓ! ਜਹਿੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਆਿਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ...ਤਦ ਜਹਿੜੇ ਖੱਬੇ ਪਾਸੇ ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਹਿੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਆਿਰ ਕੀਤੀ ਹੋਈ ਹੈ...ਅਤੇ ਏਹ ਸਦੀਪਕ ਸਜ਼ਾ ਵਿੱਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿੱਚ"* (ਮੱਤੀ 25:34,41,46)।

ਨਰਕ ਯਾਤਨਾਵਾਂ ਦੀ ਥਾਂ ਹੈ। ਯਸ਼ੂ ਨੇ ਨਰਕ ਬਾਰੇ ਕੀ ਕਹਿਾ: *"ਜਥਿੇ ਉਨ੍ਹਾਂ ਦਾ ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ"* (ਮਰਕੁਸ 9:48; ਯਸਾਯਾਹ 66:24), *"ਸਦੀਪਕ ਅੱਗ"* (ਮੱਤੀ 18:8, 25:41), *"ਨਰਕ ਦੀ ਅੱਗ"* (ਮੱਤੀ 5:22, 18:9), *"ਭੱਖਦਾ ਭੱਠਾ"* (ਮੱਤੀ 13:42, 50), *"ਰੋਣਾ ਅਤੇ ਕਚੀਚੀਆਂ ਵੱਟਣਾ"* (ਮੱਤੀ 8:12, 22:13, 25:30), *"ਸਦੀਪਕ ਸਜ਼ਾ"* (ਮੱਤੀ 25:46) ਅਤੇ *"ਬਾਹਰ ਦਾ ਅੰਧਘੋਰ"* (ਮੱਤੀ 8:12, 22:13)। *"ਜੇ ਕੋਈ ਜੀਵਨ ਦੀ ਪੋਥੀ ਵਿੱਚ ਲਖਿਆਿ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਅੱਗ ਦੀ ਝੀਲ ਵਿੱਚ ਸੁੱਟਆਿ ਗਆਿ"* (ਪਰਕਾਸ਼ 20:15)। *"ਜਵਿੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਰਿਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ"* (ਇਬਰਾਨੀ 9:27)। ਕਉਿਂਕਿ ਇਹ ਥਾਂ ਸ਼ੈਤਾਨ ਅਤੇ ਉਸ ਦੀ ਸੈਨਾ ਲਈ ਤਆਿਰ ਕੀਤੀ ਗਈ ਹੈ, ਇਸ ਲਈ ਪਰਮੇਸ਼ਰ ਨਹੀਂ ਚਾਹੁੰਦਾ ਕਿ ਅਸੀਂ ਉਸ ਥਾਂ ਵਿਚ ਜਾਈਏ।

ਤਾਂ, ਇਸ ਸਜ਼ਾ ਦਾ ਕਾਰਨ ਕੀ ਹੈ?

ਇਸ ਦਾ ਜਵਾਬ ਹੈ ਪਾਪ। ਜੋ ਕੁਝ ਵੀ (ਭਾਵੇਂ ਸ਼ਬਦ, ਕੰਮ ਜਾਂ ਵਚਿਾਰ) ਤੁਹਾਨੂੰ ਪਰਮੇਸ਼ਰ ਤੋਂ ਜੁਦਾ ਕਰਦਾ ਹੈ, ਉਹ ਪਾਪ ਹੈ। ਅਸੀਂ ਜਨਮ ਤੋਂ ਹੀ ਪਾਪੀ ਹਾਂ ਅਤੇ ਪਾਪ ਵਿਚ ਹੀ ਜੀਉਂਦੇ ਹਾਂ। ਕਉਿਂਕਿ ਪਰਮੇਸ਼ਰ ਪਵਿੱਤਰ ਹੈ, ਇਸ ਲਈ ਪਾਪ ਸਾਨੂੰ ਉਸ ਤੋਂ ਜੁਦਾ ਕਰ ਦੰਿਦਾ ਹੈ। *'ਇਸ ਲਈ ਜਵਿੇਂ ਇੱਕ ਮਨੁੱਖ (ਆਦਮ) ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ'* (ਰੋਮੀਆਂ 5:12)। *'ਕਉਿਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।'* (ਰੋਮੀਆਂ 3:23)। *'ਪਾਪ ਦੀ ਮਜੂਰੀ ਤਾਂ ਮੌਤ ਹੈ'* (ਰੋਮੀਆਂ 6:23)।

ਬਾਈਬਲ — ਪਰਮੇਸ਼ਰ ਦੀ ਇਕਮਾਤਰ ਬਾਣੀ — ਵਚਿੋਂ ਪਾਪ ਦੇ ਕੁਝ ਉਦਾਹਰਨ: *'ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ'* (1 ਯੂਹੰਨਾ 2:16)। *'ਸਾਰਾ ਕੁਧਰਮ ਪਾਪ ਹੈ'* (1 ਯੂਹੰਨਾ 5:17)। ਯਸ਼ੂ ਨੇ ਕਹਿਾ, *'ਮਨੁੱਖ ਦੇ ਦਲਿ ਵਿੱਚੋਂ ਬੁਰੇ ਖ਼ਆਿਲ, ਹਰਾਮਕਾਰੀਆਂ, ਚੋਰੀਆਂ, ਖ਼ੂਨ, ਜ਼ਨਾਕਾਰੀਆਂ, ਲੋਭ, ਬਦੀਆਂ, ਛਲ, ਮਸਤੀ, ਬੁਰੀ ਨਜ਼ਰ, ਕੁਫ਼ਰ, ਹੰਕਾਰ, ਮੂਰਖਤਾਈ ਨਕਿਲਦੀ ਹੈ'* (ਮਰਕੁਸ 7:21,22)। *'ਪਰ ਡਰਾਕਲਾਂ, ਬੇ ਪਰਤੀਤਆਿਂ, ਘਣਿਾਉਣਆਿਂ, ਖ਼ੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਆਿਂ ਝੂਠਆਿਂ ਦਾ ਹਸਿਾ ਉਸ ਝੀਲ ਵਿੱਚ ਹੋਵੇਗਾ ਜਹਿੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ! ਇਹ ਦੂਈ ਮੌਤ ਹੈ।'* (ਪਰਕਾਸ਼ 21:8)। *'ਪਰ ਕੋਈ ਅਪਵਿੱਤਰ ਵਸਤ ਯਾ ਕੋਈ ਘਣਿਾਉਣਾ ਅਤੇ ਝੂਠਾ ਕੰਮ ਕਰਨ ਵਾਲਾ ਓਸ ਵਿੱਚ ਕਦੇ ਨਾ ਵੜੇਗਾ ਪਰ ਨਰਿੇ ਓਹ ਜਹਿੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਖਿੇ ਹੋਏ ਹਨ'* (ਪਰਕਾਸ਼ 21:27)। *'ਕਉਿ ਜੋ ਤੁਸੀ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਸਿੇ ਹਰਾਮਕਾਰ ਯਾ ਭ੍ਰਸ਼ਿਟ ਯਾ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਅਧਕਾਰ ਨਹੀਂ'* (ਅਫ਼ਸੀਆਂ 5:5)। *'ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ। ਓਹ ਏਹ ਹਨ – ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜ਼ੀਆਂ, ਫੁੱਟਾਂ, ਬਦਿਤਾਂ, ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜੇਹੇ ਕੰਮ। ਏਹਨਾਂ ਗੱਲਾਂ ਦੇ ਵਖਿੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਵਿੇਂ ਮੈਂ ਅੱਗੇ ਆਖਆਿ ਸੀ ਭਈ ਜਹਿੜੇ ਇਹੋ ਜਹਿੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ'* (ਗਲਾਤੀਆਂ 5:19-21)। 'ਅਥਵਾ ਤੁਸੀ ਨਹੀਂ ਜਾਣਦੇ ਜੋ ਕੁਧਰਮੀ ਲੋਕ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ? ਧੋਖਾ ਨਾ ਖਾਓ, ਨਾ ਹਰਾਮਕਾਰ, ਨਾ ਮੂਰਤੀ ਪੂਜਕ, ਨਾ ਜ਼ਨਾਹਕਾਰ, ਨਾ ਜਨਾਨੜੇ, ਨਾ ਮੁੰਡੇਬਾਜ, ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਹੋਣਗੇ' (1 ਕੁਰਿੰਥੀਆਂ 6:9,10)। 'ਇਸੇ ਕਾਰਨ ਪਰਮੇਸ਼ੁਰ ਨੇ ਉਨ੍ਹਾਂ ਨੂੰ ਨੀਚ ਵਾਸਨਾ ਦੇ ਵੱਸ ਕਰ ਦੱਤਿਾ ਕਉਿ ਜੋ ਉਨ੍ਹਾਂ ਦੀਆਂ ਨਾਰਾਂ ਨੇ ਆਪਣੇ ਸੁਭਾਵਕ ਕੰਮ ਨੂੰ ਉਹ ਦੇ ਨਾਲ ਵਟਾ ਦੱਤਿਾ ਜਹਿੜਾ ਸੁਭਾਉ ਦੇ ਵਰੁੱਧ ਹੈ। ਇਸੇ ਤਰਾਂ ਨਰ ਵੀ ਨਾਰੀਆਂ ਨਾਲ ਸੁਭਾਵਕ ਕੰਮ ਛੱਡ ਕੇ ਆਪੋ ਵਿੱਚੀਂ ਆਪਣੀ ਕਾਮਨਾਂ ਵਿੱਚ ਸੜ ਗਏ, ਨਰਾਂ ਨੇ ਨਰਾਂ ਨਾਲ ਮੁਕਾਲਕ ਦੇ ਕੰਮ ਕੀਤੇ...' (ਰੋਮੀਆਂ 1:26,27)।

ਮੂਰਤੀਪੂਜਾ – ਇਥੋਂ ਤਕ ਕਿ ਉਹ ਮਸੀਹੀ ਵੀ ਜਹਿੜੇ ਕੇਵਲ "ਨਾਮ" ਦੇ ਹੀ ਮਸੀਹੀ ਹਨ, ਜਹਿੜੇ ਸੰਤਾਂ ਦੀ ਅਰਾਧਨਾ ਕਰਦੇ ਹਨ, ਮ੍ਰਤਿਕਾਂ ਅੱਗੇ ਪ੍ਰਾਰਥਨਾ ਕਰਦੇ ਹਨ, ਮ੍ਰਤਿਕਾਂ ਲਈ ਪ੍ਰਾਰਥਨਾ ਕਰਦੇ ਹਨ...ਪਹਲਿੇ ਹੁਕਮ ਨੂੰ ਹੀ ਤੋੜ ਦਦਿੰਦੇ ਹਨ – *'ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ। ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ, ਨਾ ਕਸਿੇ ਚੀਜ ਦੀ ਸੂਰਤ ਜਹਿੜੀ ਉੱਪਰ ਅਕਾਸ਼ ਵਚਿੱ ਅਤੇ ਜਹਿੜੀ ਹੇਠਾਂ ਧਰਤੀ ਉੱਤੇ ਅਤੇ ਜਹਿੜੀ ਧਰਤੀ ਦੇ ਹੇਠਲੇ ਪਾਣੀਆਂ ਵਚਿੱ ਹੈ। ਨਾ ਤੂੰ ਉਨ੍ਹਾਂ ਦੇ ਅੱਗੇ ਮੱਥਾ ਟੇਕ, ਨਾ ਉਨ੍ਹਾਂ ਦੀ ਪੂਜਾ ਕਰ ਕਉਿਂ ਜੋ ਮੈਂ ਯਹੋਵਾਹ ਤੇਰਾ ਪਰਮੇਸ਼ੁਰ ਅਣਖ ਵਾਲਾ ਪਰਮੇਸ਼ੁਰ ਹਾਂ...'* (ਕੂਚ 20:3-5)। ਯਸਿੂ ਤੋਂ ਇਲਾਵਾ ਹੋਰ ਕੋਈ ਵਚਿੋਲਾ ਨਹੀਂ ਹੈ: *'ਕਉਿਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਚਿੱ ਇੱਕੋ ਵਚਿੋਲਾ ਹੈ ਜਹਿੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਸਿੂ'* (1 ਤਮਿੋਥਉਿਸ 2:5)।

ਜ਼ਨਾਹ – ਵਆਿਹ ਤੋਂ ਪਹਲਿਾਂ ਜਸਿਮਾਨੀ ਸਬੰਧ, ਆਪਣੇ ਜੀਵਨਸਾਥੀ ਤੋਂ ਇਲਾਵਾ ਕਸਿੇ ਹੋਰ ਨਾਲ ਜਸਿਮਾਨੀ ਸਬੰਧ ਪਾਪ ਹਨ। ਵਆਿਹ ਤੋਂ ਪਹਲਿਾਂ ਕਸਿੇ ਨਾਲ ਕੀਤੇ ਜਾਣ ਵਾਲੇ ਜਸਿਮਾਨੀ ਸਬੰਧ ਨੂੰ ਬਾਈਬਲ ਦੁਰਾਚਾਰ ਆਖਦੀ ਹੈ। ਕੇਵਲ ਪਤੀ-ਪਤਨੀ ਵਚਿਕਾਰ ਹੋਣ ਵਾਲੇ ਜਸਿਮਾਨੀ ਸਬੰਧ ਨੂੰ ਹੀ ਪਰਮੇਸ਼ਰ ਵੱਲੋਂ ਇਜਾਜ਼ਤ ਦਤਿੀ ਗਈ ਹੈ। *'ਪਰ ਮੈਂ (ਯਸਿੂ) ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ ਬੁਰੀ ਇੱਛਆਿ ਕਰਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਆਿ'* (ਮੱਤੀ 5: 28)।

ਤਲਾਕ – *'ਪਰ ਮੈਂ (ਯਸਿੂ) ਤੁਹਾਨੂੰ ਆਖਦਾ ਹਾਂ ਭਈ ਜਹਿੜਾ ਆਪਣੀ ਤੀਵੀਂ ਨੂੰ ਹਰਾਮਕਾਰੀ ਤੋਂ ਛੁੱਟ ਕਸਿੇ ਹੋਰ ਸਬੱਬ ਨਾਲ ਤਆਿਗੇ ਉਹ ਉਸ ਕੋਲੋਂ ਜ਼ਨਾਹ ਕਰਾਉਂਦਾ ਹੈ ਅਤੇ ਜੇ ਕੋਈ ਉਸ ਤਆਿਗੀ ਹੋਈ ਨਾਲ ਵਆਿਹ ਕਰੇ ਸੋ ਜ਼ਨਾਹ ਕਰਦਾ ਹੈ'* (ਮੱਤੀ 5:32)। *'ਵਆਿਹ ਕਰਨਾ ਸਭਨਾਂ ਵਚਿੱ ਆਦਰ ਜੋਗ ਗਣਿਆਿ ਜਾਵੇ ਅਤੇ ਵਛਿਾਉਣਾ ਬੇਦਾਗ ਰਹੇ ਕਉਿਂ ਜੋ ਪਰਮੇਸ਼ੁਰ ਹਰਾਮਕਾਰਾਂ ਅਤੇ ਵਭਿਚਾਰੀਆਂ ਦਾ ਨਆਿਉਂ ਕਰੇਗਾ'* (ਇਬਰਾਨੀ 13:4)। ਯਸਿੂ ਨੇ ਕਹਿਾ, *'ਜੋ ਕੁਝ ਪਰਮੇਸ਼ੁਰ ਨੇ ਜੋੜ ਦਤਿਾ ਹੈ ਮਨੁੱਖ ਉਸ ਨੂੰ ਅੱਡ ਨਾ ਕਰੇ'* (ਮਰਕੁਸ 10:9)। [ਇਨ੍ਹਾਂ ਮਾਮਲਆਿਂ ਬਾਰੇ ਕਰਿਪਾ ਕਰਕੇ ਪਵੱਤਿਰ ਬਾਈਬਲ ਦੀ ਸਖਿਆਿ ਦੀ ਪਾਲਣਾ ਕਰੋ: *'ਹੇ ਪਤਨੀਓ ਤੁਸੀਂ ਆਪਣਆਿਂ ਪਤੀਆਂ ਦੇ ਅਧੀਨ ਹੋਵੋ ਜਵਿੇਂ ਪ੍ਰਭੁ ਦੇ...ਹੇ ਪਤੀਓ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਜਵਿੇਂ ਮਸੀਹ ਨੇ ਵੀ ਕਲੀਸਯਿਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਤਿਾ'* (ਅਫ਼ਸੀਆਂ 5:22,25)]।

ਸ਼ਰਾਬ ਅਤੇ ਸਗਿਰਟ/ਬੀੜੀ ਪੀਣਾ, ਆਤਮ ਹੱਤਆਿ, ਨਸ਼ੇ, ਟੈਟੂ ਬਣਵਾਉਣਾ: *'ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਚਿੱ ਵੱਸਦਾ ਹੈ? ਜੇ ਕੋਈ ਪਰਮੇਸ਼ੁਰ ਦੀ ਹੈਕਲ ਦਾ ਨਾਸ ਕਰੇ ਤਾਂ ਪਰਮੇਸ਼ੁਰ ਉਹ ਦਾ ਨਾਸ ਕਰੇਗਾ ਕਉਿਂ ਜੋ ਪਰਮੇਸ਼ੁਰ ਦੀ ਹੈਕਲ ਪਵੱਤਿਰ ਹੈ ਅਤੇ ਇਹੋ ਤੁਸੀਂ ਹੋ'* (1 ਕੁਰੰਥੀਆਂ 3:16, 17)। *'ਤੁਸਾਂ ਕਸਿੇ ਦੇ ਮਰਨ ਉੱਤੇ ਆਪਣਆਿਂ ਸਰੀਰਾਂ ਨੂੰ ਨਾ ਚੀਰਨਾ, ਨਾ ਆਪਣੇ ਉੱਤੇ ਨਸ਼ਿਾਨੀਆਂ ਠੁਕਾਵੀਂ। ਮੈਂ ਯਹੋਵਾਹ ਹਾਂ'* (ਲੇਵੀਆਂ 19:28)। ਇਨ੍ਹਾਂ ਸਾਰੀਆਂ ਗੱਲਾਂ ਦੀ ਸੂਚੀ ਬਣਾਉਣਾ ਸੰਭਵ ਨਹੀਂ ਹੈ। ਇਹ ਸਾਰੇ ਕੰਮ ਸਾਡੇ ਅੰਦਰ ਮੌਜੂਦ ਪਾਪੀ ਸਭਾਓ ਨੂੰ ਦਰਸ਼ਾਉਂਦੇ ਹਨ।

ਕੀ ਹੁਣ ਤੁਸੀਂ ਇਹ ਮੰਨਦੇ ਹੋ ਕਿ ਤੁਸੀਂ ਪਾਪੀ ਹੋ? ਜੇਕਰ ਹਾਂ, ਤਾਂ ਪਰਮੇਸ਼ਰ ਦੇ ਨਾਲ ਮੇਲ ਕਰ ਲੈਣ ਦਾ ਇਕ ਮੌਕਾ ਤੁਹਾਡੇ ਕੋਲ ਹੈ।

ਪਰਮੇਸ਼ਰ ਤੁਹਾਨੂੰ ਪ੍ਰੇਮ ਕਰਦਾ ਹੈ ਅਤੇ ਨਹੀਂ ਚਾਹੁੰਦਾ ਕਿ ਤੁਸੀਂ ਨਾਸ ਹੋ ਜਾਓ।

*"ਕਉਿਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਹਿਾ ਪਆਿਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ ਬਖ਼ਸ਼ ਦਤਿਾ ਤਾਂ ਜੋ ਹਰੇਕ ਜੋ ਉਸ ਉੱਤੇ ਨਹਿਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ"* (ਯੂਹੰਨਾ 3:16)। *"ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਲਿੇ ਸਗੋਂ ਚੋਖਾ ਮਲਿੇ"* (ਯੂਹੰਨਾ 10:10). *"ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ ਮਸੀਹ ਯਸਿੂ ਸਾਡੇ ਪ੍ਰਭੁ ਦੇ ਵਚਿੱ ਸਦੀਪਕ ਜੀਵਨ ਹੈ"* (ਰੋਮੀਆਂ 6:23)। *"ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ"* (ਰੋਮੀਆਂ 5:8)।

ਲੋਕ ਅਕਸਰ ਆਪਣੇ ਚੰਗੇ ਕੰਮਾਂ ਦੀ ਮਦਦ ਨਾਲ ਪਰਮੇਸ਼ਰ ਤਕ ਪੁੱਜਣਾ ਚਾਹੁੰਦੇ ਹਨ।

ਪਰਮੇਸ਼ਰ ਕੋਲ ਜਾਣ ਦਾ ਹੋਰ ਕੋਈ ਰਾਹ ਨਹੀਂ ਹੈ...ਕੇਵਲ ਇਕੋ ਹੈ, ਕਲਵਰੀ ਦੀ ਸਲੀਬ!

*ਯਸਿੂ ਨੇ ਕਹਿਾ, "ਰਾਹ ਅਤੇ ਸਚਆਿਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਨਿਾ ਪਤਿਾ ਦੇ ਕੋਲ ਨਹੀਂ ਆਉਂਦਾ"* (ਯੂਹੰਨਾ 14:6)।

ਯਸਿੂ ਹੀ ਇਕਮਾਤਰ ਰਾਹ ਹੈ।

*"ਇਹ ਬਚਨ ਪੱਕਾ ਹੈ ਅਤੇ ਪੂਰੀ ਤਰ੍ਹਾਂ ਮੰਨਣ ਜੋਗ ਹੈ ਭਈ ਮਸੀਹ ਯਸਿੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਚਿੱ ਆਇਆ ਜਨਿ੍ਹਾਂ ਵਚਿੋਂ ਮਹਾਂ ਪਾਪੀ ਮੈਂ ਹਾਂ"* (1 ਤਮਿੋਥਉਿਸ 1:15)। *"ਉਸ ਦੇ ਵਚਿੱ ਸਾਨੂੰ ਨਸਿਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਲਿਦੀ ਹੈ"* (ਕੁਲੁੱਸੀਆਂ 1:14)। *"ਜਹਿ (ਯਸਿੂ) ਦੇ ਵਚਿੱ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਸਿਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਰਿਪਾ ਦੇ ਧਨ ਅਨੁਸਾਰ ਮਲਿਦੀ ਹੈ"* (ਅਫ਼ਸੀਆਂ 1:7)। *"ਅਰ ਕਸਿੇ ਦੂਏ ਤੋਂ ਮੁਕਤੀ ਨਹੀਂ ਕਉਿਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਚਿੱ ਕੋਈ ਦੂਜਾ ਨਾਮ ਨਹੀਂ ਦਤਿਾ ਗਆਿ ਜਸਿ ਤੋਂ ਅਸੀਂ ਬਚਾਏ ਜਾਣਾ ਹੈ"* (ਰਸੂਲ 4:12)।

ਤੁਸੀਂ ਪਰਮੇਸ਼ਰ ਦੀ ਸੰਤਾਨ ਕਵਿੇਂ ਬਣ ਸਕਦੇ ਹੋ? ਯਸਿੂ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰਕੇ!

*"ਉਨ੍ਹਾਂ ਆਖਆਿ, ਪ੍ਰਭੁ ਯਸਿੂ ਉੱਤੇ ਨਹਿਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ"* (ਰਸੂਲ 16:31)। *"ਪਰ ਜਨਿਆਿਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਤਿਾ ਅਰਥਾਤ ਜਨਿ੍ਹਾਂ ਨੇ ਉਸ ਦੇ ਨਾਮ ਉੱਤੇ ਨਹਿਚਾ ਕੀਤੀ"* (ਯੂਹੰਨਾ 1:12). *"ਕਉਿਂਕਿ*

*ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਰਿਦੇ ਨਾਲ ਮੰਨ ਲਵੇਂ ਜੋ ਪਰਮੇਸੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)। *"ਪਰਮੇਸ਼ਰ ਨੇ ਉਸ (ਯਸੂ) ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ"* (2 ਕੁਰਿੰਥੀਆਂ 5:21)।

ਸਦੀਆਂ ਪਹਿਲਾਂ ਯਸਾਯਾਹ ਨਬੀ ਨੇ ਯਸੂ ਮਸੀਹ ਦੀ ਸਲੀਬੀ ਕੁਰਬਾਨੀ ਬਾਰੇ ਨਬੂਵਤ ਕੀਤੀ ਸੀ: *"ਸੱਚ ਮੁੱਚ ਉਸ ਨੇ ਸਾਡੇ ਗ਼ਮ ਚੁੱਕ ਲਏ, ਅਤੇ ਸਾਡੇ ਦੁੱਖ ਉਠਾਏ, ਪਰ ਅਸਾਂ ਉਸ ਨੂੰ ਮਾਰਿਆ ਹੋਇਆ, ਪਰਮੇਸ਼ੁਰ ਦਾ ਕੁੱਟਿਆ ਹੋਇਆ ਭੰਨਿਆ ਹੋਇਆ ਸਮਝਿਆ। ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ"* (ਯਸਾਯਾਹ 53:4,5)। *"ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ"* (1 ਪਤਰਸ 2:24)। *"ਤਾਂ ਅਸੀਂ ਕਿੱਕੁਰ ਬਚ ਨਿੱਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ?"* (ਇਬਰਾਨੀ 2:3)। *"ਵੇਖੋ, ਹੁਣ ਹੀ ਮਨ ਭਾਉਂਦਾ ਸਮਾਂ ਹੈ, ਵੇਖੋ, ਹੁਣ ਹੀ ਮੁਕਤੀ ਦਾ ਦਿਨ ਹੈ!"* (2 ਕੁਰਿੰਥੀਆਂ 6:2)।

ਕੀ ਤੁਸੀਂ ਇਸੇ ਵੇਲੇ ਯਸੂ ਮਸੀਹ ਨੂੰ ਆਪਣਾ ਪ੍ਰਭੂ ਕਬੂਲ ਕਰਨਾ ਚਾਹੋਗੇ? ਉਹ ਤੁਹਾਨੂੰ ਪ੍ਰੇਮ ਕਰਦਾ ਹੈ!

ਤੁਸੀਂ ਯਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਕਿਵੇਂ ਕਬੂਲ ਕਰ ਸਕਦੇ ਹੋ?

ਇਸ ਸੱਚਾਈ ਨੂੰ ਮੰਨ ਲਵੋ ਕਿ ਤੁਸੀਂ ਪਾਪੀ ਹੋ ਅਤੇ ਤੋਬਾ ਕਰੋ। ਵਿਸ਼ਵਾਸ ਕਰੋ ਕਿ ਯਸੂ ਮਸੀਹ ਤੁਹਾਡੇ ਪਾਪ ਦੀ ਖਾਤਰ ਕਲਵਰੀ ਦੀ ਸਲੀਬ ਉੱਤੇ ਕੁਰਬਾਨ ਹੋਇਆ ਅਤੇ ਤੀਜੇ ਦਿਨ ਕਬਰ ਵਿੱਚੋਂ ਜੀ ਉੱਠਿਆ। ਅਤੇ ਆਪਣੇ ਟੁੱਟੇ ਹੋਏ ਦਿਲ ਨਾਲ ਇਹ ਸ਼ਬਦ ਯਸੂ ਨੂੰ ਕਹੋ: 'ਮੇਰੇ ਪਿਆਰੇ ਪ੍ਰਭੂ ਯਸੂ, ਮੈਂ ਮੰਨ ਲੈਂਦਾ ਹਾਂ ਕਿ ਮੈਂ ਪਾਪੀ ਹਾਂ, ਅਤੇ ਮੈਂ ਤੁਹਾਥੋਂ ਮਾਫ਼ੀ ਮੰਗਦਾ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਪਾਪ ਦੀ ਖਾਤਰ ਕੁਰਬਾਨ ਹੋ ਗਏ ਅਤੇ ਤੀਜੇ ਦਿਨ ਮ੍ਰਿਤਕਾਂ ਵਿੱਚੋਂ ਜੀ ਉੱਠੇ। ਮੈਂ ਆਪਣੇ ਪਾਪ ਤੋਂ ਮੂੰਹ ਫ਼ੇਰ ਲੈਂਦਾ ਹਾਂ ਅਤੇ ਤੁਹਾਨੂੰ ਆਪਣੇ ਦਿਲ ਅਤੇ ਜ਼ਿੰਦਗੀ ਵਿੱਚ ਆਉਣ ਦਾ ਸੱਦਾ ਦਿੰਦਾ ਹਾਂ। ਮੈਂ ਤੁਹਾਨੂੰ ਆਪਣਾ ਮੁਕਤੀਦਾਤਾ ਕਬੂਲ ਕਰ ਲੈਂਦਾ ਹਾਂ ਅਤੇ ਤੁਹਾਡੇ ਪਿੱਛੇ ਚੱਲਣ ਦਾ ਫ਼ੈਸਲਾ ਲੈਂਦਾ ਹਾਂ। ਤੁਹਾਡੇ ਪਵਿੱਤਰ ਨਾਮ ਵਿੱਚ ਇਹ ਪ੍ਰਾਰਥਨਾ ਮੰਗਦਾ ਹਾਂ, ਆਮੀਨ।'

ਜੇਕਰ ਤੁਸੀਂ ਇਹ ਪ੍ਰਾਰਥਨਾ ਸੱਚੇ ਦਿਲੋਂ ਕੀਤੀ ਹੈ ਤਾਂ ਤੁਸੀਂ ਮੁਕਤੀ ਅਤੇ ਨਵਾਂ ਜਨਮ ਪ੍ਰਾਪਤ ਕਰ ਚੁੱਕੇ ਹੋ।

*"ਜਾਹ, ਏਦੋਂ ਅੱਗੇ ਫੇਰ ਪਾਪ ਨਾ ਕਰੀਂ"* (ਯੂਹੰਨਾ 8:11)। ਉਸ ਵਿੱਚ ਕਾਇਮ ਰਹੋ – *"ਹਰ ਕੋਈ ਜੋ ਉਸ ਵਿੱਚ ਕਾਇਮ ਰਹਿੰਦਾ ਹੈ ਪਾਪ ਨਹੀਂ ਕਰਦਾ"* (1 ਯੂਹੰਨਾ 3:6)। ਹੁਣ ਤੁਸੀਂ ਪਾਪ ਤੋਂ ਅਜ਼ਾਦ ਹੋ ਚੁੱਕੇ ਹੋ, ਮੌਤ ਦੇ ਡਰ ਤੋਂ ਅਜ਼ਾਦ ਹੋ ਚੁੱਕੇ ਹੋ; ਤੁਹਾਡਾ ਨਾਮ ਜੀਵਨ ਦੀ ਪੁਸਤਕ ਅਤੇ ਸਵਰਗ ਦੇ ਵਾਰਸਾਂ ਵਿੱਚ ਲਿਖਿਆ ਜਾ ਚੁੱਕਾ ਹੈ। ਤੁਹਾਡਾ ਕੰਮ ਅਜੇ ਪੂਰਾ ਨਹੀਂ ਹੋਇਆ ਹੈ। ਬਾਈਬਲ ਉੱਤੇ ਵਿਸ਼ਵਾਸ ਕਰਨ ਵਾਲੇ ਅਤੇ ਇਸ ਦੀ ਪਾਲਣਾ ਕਰਨ ਵਾਲੇ ਕਿਸੇ ਚਰਚ ਦੇ ਨਾਲ ਜੁੜ ਜਾਓ ਅਤੇ ਬਪਤਿਸਮਾ ਲਓ। ਪਵਿੱਤਰ ਬਾਈਬਲ ਆਖਦੀ ਹੈ, *"ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ"* (ਰਸੂਲ 2:38)।

ਪਾਣੀ ਦਾ ਬਪਤਿਸਮਾ: ਯਸੂ ਨੇ ਕਿਹਾ, *"...ਉਨ੍ਹਾਂ ਨੂੰ ਪਿਤਾ ਅਤੇ ਪੁੱਤ੍ਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ"* (ਮੱਤੀ 28:19)। ਪਾਣੀ ਦਾ ਬਪਤਿਸਮਾ ਆਗਿਆਕਾਰੀ ਦਾ ਇਕ ਕੰਮ ਹੈ, ਜਿਹੜਾ ਪ੍ਰਭੂ ਯਸੂ 'ਤੇ ਵਿਸ਼ਵਾਸ ਕਰਨ ਤੋਂ ਬਾਦ ਲਿਆ ਜਾਂਦਾ ਹੈ। ਇਹ ਸੰਕੇਤਕ ਰੂਪ ਵਿੱਚ ਦਰਸ਼ਾਉਂਦਾ ਹੈ ਕਿ ਸਾਡੇ ਪਾਪ ਧੋ ਦਿੱਤੇ ਗਏ ਹਨ। ਪਾਣੀ ਦੇ ਬਪਤਿਸਮੇ ਦਾ ਅਰਥ ਪਾਣੀ ਵਿੱਚ ਡੁਬਕੀ ਲਗਾਉਣਾ ਹੈ, ਪਾਣੀ ਛਿੜਕਣਾ ਨਹੀਂ। ਬਪਤਿਸਮਾ ਲੈਣ ਵਾਲੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਬਪਤਿਸਮਾ ਕਿਉਂ ਲਿਆ ਹੈ, ਇਸ ਲਈ ਬੱਚਿਆਂ ਨੂੰ ਬਪਤਿਸਮਾਂ ਦੇਣਾ ਬਾਈਬਲ ਦੇ ਵਿਰੁੱਧ ਹੈ। ਬਪਤਿਸਮਾ ਲੈਣ ਤੋਂ ਪਹਿਲਾਂ ਤੋਬਾ ਕਰਨਾ ਅਤੇ ਮੁਕਤੀ ਪਾਉਣਾ ਜ਼ਰੂਰੀ ਹੈ। ਪਾਣੀ ਦਾ ਬਪਤਿਸਮਾ ਦਰਸ਼ਾਉਂਦਾ ਹੈ ਕਿ ਪੁਰਾਣਾ ਮਨੁੱਖ ਅਤੇ ਉਸ ਦੇ ਮਰੇ ਹੋਏ ਕੰਮ ਦਫ਼ਨਾਏ ਜਾ ਚੁੱਕੇ ਹਨ ਅਤੇ ਪਾਣੀ ਵਿੱਚੋਂ ਬਾਹਰ ਆਉਣਾ ਦਰਸ਼ਾਉਂਦਾ ਹੈ ਕਿ ਅਸੀਂ ਮਸੀਹ ਵਿੱਚ ਨਵੇਂ ਜੀਵਨ ਲਈ ਜੀ ਉੱਠੇ ਹਾਂ (ਰੋਮੀਆਂ 6:1-18)। *"ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ"* (ਗਲਾਤੀਆਂ 3:27)। ਜਦੋਂ ਤੁਸੀਂ ਪਾਣੀ ਦਾ ਬਪਤਿਸਮਾ ਲੈ ਲੈਂਦੇ ਹੋ ਤਾਂ ਤੁਹਾਨੂੰ ਪਵਿੱਤਰ ਆਤਮਾ (ਤ੍ਰਏਕਤਾ ਦਾ ਤੀਜਾ ਵਿਅਕਤੀ) ਦਾ ਬਪਤਿਸਮਾ ਵੀ ਮਿਲ ਜਾਂਦਾ ਹੈ।

ਪਵਿੱਤਰ ਆਤਮਾ ਦਾ ਬਪਤਿਸਮਾ – ਇਹ ਪਰਮੇਸ਼ਰ ਦਾ ਵਰਦਾਨ ਹੈ। ਯਸੂ ਨੇ ਕਿਹਾ, *"ਤੁਹਾਨੂੰ ਪਵਿੱਤ੍ਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ"* (ਰਸੂਲ 1:5)। *"ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇੱਕ ਥਾਂ ਇਕੱਠੇ ਸਨ। ਅਰ ਅਚਾਨਕ ਅਕਾਸ਼ ਤੋਂ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ। ਅਰ ਉਨ੍ਹਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ ਵਿੱਚੋਂ ਹਰੇਕ ਉੱਤੇ ਠਹਿਰੀਆਂ। ਤਦ ਓਹ ਸੱਭੇ ਪਵਿੱਤ੍ਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ"* (ਰਸੂਲ 2:1-4)। ਜਦੋਂ ਤੁਹਾਨੂੰ ਇਹ ਸਮਰੱਥਾ ਮਿਲ ਜਾਂਦੀ ਹੈ, ਤਾਂ ਤੁਹਾਨੂੰ ਪਵਿੱਤਰ ਆਤਮਾ ਦੇ ਫਲ ਅਤੇ ਵਰਦਾਨ ਵੀ ਮਿਲ ਜਾਣਗੇ, ਤੁਸੀਂ ਗੈਰਜ਼ੁਬਾਨਾਂ ਬੋਲੋਗੇ, ਤੁਸੀਂ ਇਸ ਸੰਸਾਰ ਵਿੱਚ ਇਕ ਸਮਰੱਥੀ ਮਸੀਹੀ ਜੀਵਨ ਬਿਤਾ ਸਕੋਗੇ ਅਤੇ ਮਸੀਹ ਦੀ ਗਵਾਹੀ ਦੇ ਸਕੋਗੇ। ਹਰੇਕ ਸੱਚਾ ਮਸੀਹੀ ਇਕ ਮਿਸ਼ਨਰੀ ਹੁੰਦਾ ਹੈ।

ਯਸੂ ਛੇਤੀ ਵਾਪਸ ਆ ਰਿਹਾ ਹੈ। *"ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ। ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਅਚਾਨਕ ਉਠਾਏ ਜਾਵਾਂਗੇ ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ"* (1 ਥੱਸਲੁਨੀਕੀਆਂ 4:16,17)। ਇਸ ਲਈ ਇਹ ਖੁਸ਼ਖਬਰੀ ਚਾਰੇ ਪਾਸੇ ਫੈਲਾਓ ਅਤੇ ਜਿੰਨੇ ਹੋ ਸਕਣ ਉੱਨੇ ਵੱਧ ਲੋਕਾਂ ਨੂੰ ਬਚਾਓ।

ਯਸ਼ੂ ਮਸੀਹ – ਪਾਪੀਆਂ ਨੂੰ ਬਚਾਉਂਦਾ ਹੈ, ਰੋਗੀਆਂ ਨੂੰ ਚੰਗਾ ਕਰਦਾ ਹੈ, ਪਵਿੱਤਰ ਆਤਮਾ ਦਿੰਦਾ ਹੈ, ਰਾਜਾ ਵੱਜੋਂ ਛੇਤੀ ਵਾਪਸ ਆ ਰਿਹਾ ਹੈ। ਉਸ ਦਾ ਸਵਾਗਤ ਕਰਨ ਲਈ ਤਿਆਰ ਰਹੋ।

ਆਪਣੀ ਪਵਿੱਤਰ ਬਾਈਬਲ ਨੂੰ ਲਗਾਤਾਰ ਪੜ੍ਹੋ, ਪਵਿੱਤਰ ਆਤਮਾ ਦੀ ਸਮਰੱਥਾ ਨਾਲ ਪ੍ਰਭੂ ਯਸ਼ੂ ਦੇ ਨਾਮ ਵਿਚ ਪਰਮੇਸ਼ੁਰ ਪਿਤਾ ਅੱਗੇ ਲਗਾਤਾਰ ਪ੍ਰਾਰਥਨਾ ਕਰੋ, ਪਵਿੱਤਰ ਮਸੀਹੀ ਜੀਵਨ ਜੀਓ, ਪਵਿੱਤਰ ਆਤਮਾ ਦੀ ਅਗਵਾਈ ਨਾਲ ਕਿਸੇ ਚਰਚ ਨਾਲ ਜੁੜ ਜਾਓ, ਅਤੇ ਸਾਰੇ ਸੰਸਾਰ ਨੂੰ ਮਸੀਹ ਦੀ ਗਵਾਹੀ ਦਓ।

ਜੇਕਰ ਤੁਸੀਂ ਕਿਸੇ ਮੁਸੀਬਤ ਵਿਚ ਹੋ, ਰੋਗੀ ਹੋ, ਆਰਥਿਕ ਤੰਗੀ ਵਿਚ ਹੋ ਜਾਂ ਨੌਕਰੀ ਦੀ ਤਲਾਸ਼ ਵਿਚ ਹੋ...ਤਾਂ ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰਾਂਗੇ:

ਜੇਕਰ ਇਸ ਸੇਵਕਾਈ ਬਾਰੇ ਤੁਹਾਡੇ ਅੰਦਰ ਕੋਈ ਪ੍ਰਸ਼ਨ ਹੈ, ਬਾਈਬਲ ਦੀਆਂ ਸੱਚਾਈਆਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ:

ਜਾਂ ਭਾਰਤ ਅਤੇ ਹੋਰ ਦੇਸ਼ਾਂ ਵਿਚ ਬੇਦਾਰੀ ਵਾਸਤੇ ਸਾਡੇ ਨਾਲ ਮਿਲ ਕੇ ਪ੍ਰਾਰਥਨਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ:


**SWMI,**

POST BAG NO.4,
KUNNOM P.O., MAVELIKKARA,
ALLEPPEY DISTRICT,
KERALA STATE, INDIA-690108.
Email: reviveIndia2012@gmail.com
www.shalomworldmission.org